# Joint Press Release on the occasion of 7th India-Suriname Joint Commission Meeting

December 02, 2020

## ਭਾਰਤ-ਸੂਰੀਨਾਮ ਸਾਂਝਾ ਕਮੀਸ਼ਨ ਦੀ 7ਵੀਂ ਬੈਠਕ ਦੇ ਮੌਕੇ 'ਤੇ ਜਾਰੀ ਸਾਂਝਾ ਪ੍ਰੈਸ ਬਿਆਨ

2 ਦਸੰਬਰ, 2020

ਭਾਰਤ-ਸੂਰੀਨਾਮ ਸਾਂਝਾ ਕਮੀਸ਼ਨ (JCM) ਦੀ 7ਵੀਂ ਬੈਠਕ ਦੀ ਸਹਿ-ਪ੍ਰਧਾਨਗੀ ਵਿਦੇਸ਼ ਰਾਜ ਮੰਤਰੀ ਮਹਾਮਹਿਮ ਸ੍ਰੀ ਵੀ. ਮੁਰਲੀਧਰਨ ਅਤੇ ਸੂਰੀਨਾਮ ਗਣਰਾਜ ਦੇ ਵਿਦੇਸ਼, ਅੰਤਰਰਾਸ਼ਟਰੀ ਵਪਾਰ ਅਤੇ ਅੰਤਰਰਾਸ਼ਟਰੀ ਸਹਿਕਾਰਤਾ ਮੰਤਰੀ ਰਾਜਦੂਤ ਸ੍ਰੀ ਐਲਬਰਟ ਆਰ. ਰਾਮਦੀਨ ਨੇ ਵਰਚੁਅਲ ਮਾਧਿਅਮ ਰਾਹੀਂ 2 ਦਸੰਬਰ, 2020 ਨੂੰ ਕੀਤੀ। ਭਾਰਤ- ਸੂਰੀਨਾਮ ਦੇ ਦੋਸਤਾਨਾ ਸਬੰਧਾਂ ਦੇ ਪਿਛੋਕੜ 'ਚ ਹੋਈ ਇਹ ਗੱਲਬਾਤ ਨਿੱਘੇ ਮਾਹੌਲ ਵਿੱਚ ਹੋਈ।

2. ਦੋਨਾਂ ਮੰਤਰੀਆਂ ਨੇ ਸਿਆਸੀ ਗੱਲਬਾਤ ਨੂੰ ਹੋਰ ਡੂੰਘਾਈ ਦੇਣ, ਦੁਵੱਲੇ ਸਬੰਧਾਂ ਦੀ ਸਮੀਖਿਆ ਕਰਨ ਅਤੇ ਖੇਤਰੀ ਅਤੇ ਬਹੁਪੱਖੀ ਭਾਈਵਾਲੀ ਬਾਰੇ ਵਿਚਾਰ ਵਟਾਂਦਰੇ ਕਰਨ ਵਿੱਚ ਇਸ ਤੰਤਰ ਦੀ ਮਹੱਤਤਾ 'ਤੇ ਜ਼ੋਰ ਦਿੱਤਾ।

3. ਦੋਵਾਂ ਧਿਰਾਂ ਨੇ ਇਸ ਗੱਲ ਉੱਤੇ ਤਸੱਲੀ ਪ੍ਰਗਟਾਈ ਕਿ ਮਜ਼ਬੂਤ ਸਭਿਆਚਾਰਕ ਅਤੇ ਇਤਿਹਾਸਕ ਰਿਸ਼ਤਿਆਂ ਵਾਲੇ ਭਾਰਤ-ਸੂਰੀਨਾਮ ਸਬੰਧਾਂ ਦੀ ਵਿਸ਼ੇਸ਼ਤਾ ਉਨ੍ਹਾਂ ਦੀ ਸੁਹਿਰਦਤਾ ਅਤੇ ਉੱਚ ਪੱਧਰੀ ਸਮਝ-ਬੂਝ ਅਤੇ ਵੱਖ-ਵੱਖ ਮੁੱਦਿਆਂ 'ਤੇ ਵਿਚਾਰਾਂ ਦੀ ਇਕਸਾਰਤਾ ਹੈ। ਦੋਨਾਂ ਮੰਤਰੀਆਂ ਨੇ ਰਚਨਾਤਮਕ ਉਦਯੋਗਾਂ ਦੀ ਸਥਾਪਨਾ, ਸਿਹਤ, ਰਿਵਾਇਤੀ ਦਵਾਈਆਂ, ਖੇਤੀਬਾੜੀ, ਖਣਨ, ਊਰਜਾ, ਰੱਖਿਆ, ਸਭਿਆਚਾਰ ਅਤੇ ਸਿੱਖਿਆ, ਕੌਂਸੁਲਰ ਸਹਿਯੋਗ ਅਤੇ ਵਿਕਾਸ ਭਾਈਵਾਲੀ ਅਤੇ ਲੋਕਾਂ ਦੇ ਪੱਧਰ 'ਤੇ ਸਬੰਧਾਂ ਨੂੰ ਮਜ਼ਬੂਤ ਕਰਨ ਸਮੇਤ ਵਪਾਰ ਅਤੇ ਨਿਵੇਸ਼ ਦੇ ਮਾਮਲੇ 'ਚ ਦੁਵੱਲੇ ਸਬੰਧਾਂ ਵਿਚ ਨਵੀਂ ਰਫ਼ਤਾਰ ਲਿਆਉਣ ਉੱਤੇ ਸਹਿਮਤੀ ਪ੍ਰਗਟਾਈ।

4. ਦੋਵਾਂ ਮੰਤਰੀਆਂ ਨੇ ਦੱਖਣ -ਦੱਖਣ ਸਹਿਯੋਗ ਦੀ ਭਾਵਨਾ ਅਨੁਸਾਰ ਲਾਈਨ ਆਫ ਕ੍ਰੈਡਿਟ ਸਮੇਤ ਰਿਆਇਤੀ ਸ਼ਰਤਾਂ ਅਧੀਨ ਵਿਕਾਸ ਪ੍ਰਾਜੈਕਟ ਸਥਾਪਤ ਕਰਨ ਦੀ ਮਹੱਤਤਾ ਨੂੰ ਮੰਨਿਆ। ਉਨ੍ਹਾਂ ਨੇ ਕਿਹਾ ਕਿ ਸੂਰੀਨਾਮ ਨਾਲ ਭਾਰਤ ਦੀ ਵਿਕਾਸ ਭਾਈਵਾਲੀ ਵਿੱਚ ਬਿਜਲੀ ਉਤਪਾਦਨ ਅਤੇ ਟਰਾਂਸਮਿਸ਼ਨ ਨੈੱਟਵਰਕ, ਆਮ ਸਪਲਾਈ ਅਤੇ ਪਾਣੀ ਦੀ ਸਪਲਾਈ ਸਮੇਤ ਕਈ ਸੈਕਟਰ ਸ਼ਾਮਲ ਹਨ। ਉਨ੍ਹਾਂ ਨੇ ਤਜਵੀਜ਼ ਕੀਤੇ ਗਏ ਪ੍ਰਾਜੈਕਟਾਂ ਦੇ ਜਲਦੀ ਪੂਰਾ ਹੋਣ ਦੀ ਆਸ ਕੀਤੀ, ਜਿਨ੍ਹਾਂ ਦਾ ਉਦੇਸ਼ ਸੂਰੀਨਾਮ ਦੀ ਊਰਜਾ ਸੁਰੱਖਿਆ, ਊਰਜਾ ਕੁਸ਼ਲਤਾ ਅਤੇ ਊਰਜਾ ਮਿਸ਼ਰਣ ਵਿੱਚ ਯੋਗਦਾਨ ਪਾਉਣਾ ਹੈ।

5. ਮੰਤਰੀਆਂ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਵਿੱਚ ਸੁਧਾਰਾਂ ਸਮੇਤ ਅੰਤਰਰਾਸ਼ਟਰੀ ਪੱਧਰ 'ਤੇ ਆਪਸੀ ਤੌਰ 'ਤੇ ਮਦਦ ਦੇਣ ਦੀ ਆਪਣੀ ਵਚਨਬੱਧਤਾ ਦੁਹਰਾਈ।

6. ਮੰਤਰੀਆਂ ਨੇ ਦੁਵੱਲੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਅਤੇ ਇਨ੍ਹਾਂ ਦਾ ਵਿਸਥਾਰ ਕਰਨ ਨਾਲ ਜੁੜੇ ਵੱਖ ਵੱਖ ਮੁੱਦਿਆਂ 'ਤੇ ਸਾਂਝਾ ਕਮੀਸ਼ਨ ਦੇ ਤੰਤਰ ਰਾਹੀਂ ਮਿਲਜੁਲ ਕੇ ਕੰਮ ਕਰਦੇ ਰਹਿਣ ਦਾ ਸੰਕਲਪ ਲਿਆ।

7. ਇਸ ਗੱਲ 'ਤੇ ਸਹਿਮਤੀ ਦਿੱਤੀ ਗਈ ਕਿ JCM ਦੀ ਅਗਲੀ ਬੈਠਕ 2022 ਵਿੱਚ ਆਪਸੀ ਸਹੂਲਤ ਦੀ ਤਾਰੀਖ ਅਨੁਸਾਰ ਪਰਮਾਰਿਬੋ ਵਿਖੇ ਹੋਵੇਗੀ।

ਨਵੀਂ ਦਿੱਲੀ
2 ਦਸੰਬਰ, 2020

DISCLAIMER: This is an approximate translation. The original is available in English on MEA’s website and may be referred to as the official press release.